## ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ) ਪੰਜਾਬ, ਚੰਡੀਗੜ੍ਹ ।
## (ਸਪੋਰਟਸ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ 1/2-2010 ਸਪੋਰਟਸ
ਮਿਤੀ, ਚੰਡੀਗੜ੍ਹ : 24-06-2010

ਵਿਸ਼ਾ: ਪੰਜਾਬ ਰਾਜ ਦੇ ਸਾਰੇ ਜਿਲ੍ਹਿਆਂ ਵਿੱਚੋਂ ਪ੍ਰਤੀ ਜਿਲ੍ਹਾ 2 ਅਧਿਆਪਕਾਂ ਨੂੰ ਗੱਤਕਾ ਖੇਡ ਸਬੰਧੀ ਟ੍ਰੇਨਿੰਗ ਦੇਣ ਸਬੰਧੀ ।

ਵਿਸ਼ਾ ਅੰਕਿਤ ਸਬੰਧੀ ਸਾਲ 2009-10 ਦੌਰਾਨ ਰਾਜ ਦੇ ਸਕੂਲ ਖੇਡ ਕੈਲੰਡਰ ਵਿੱਚ ਗੱਤਕਾ ਖੇਡ ਨੂੰ ਪੱਤਰ ਨੰ: 3/6- 2009 ਸਪੋਰਟਸ ਮਿਤੀ 24-8-2009 ਅਨੁਸਾਰ ਪਹਿਲਾਂ ਹੀ ਸ਼ਾਮਲ ਕੀਤਾ ਜਾ ਚੁੱਕਾ ਹੈ ਜਿਸਦੇ ਰਾਜ ਪੱਧਰੀ ਮੁਕਾਬਲੇ ਪਿਛਲੇ ਵਰ੍ਹੇ ਨਵੰਬਰ ਮਹੀਨੇ ਦੌਰਾਨ ਸੁਲਤਾਨਪੁਰ ਲੋਧੀ ਵਿਖੇ ਸਫਲਤਾ ਪੂਰਵਕ ਸੰਪੰਨ ਹੋਏ ਸਨ। ਇਨ੍ਹਾਂ ਮੁਕਾਬਲਿਆਂ ਦੌਰਾਨ ਇਹ ਫੈਸਲਾ ਕੀਤਾ ਗਿਆ ਸੀ ਕਿ ਸਾਲ 2010-11 ਦੌਰਾਨ ਰਾਜ ਦੀਆਂ ਸਕੂਲ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਇਕ ਰਾਜ ਪੱਧਰੀ ਗੱਤਕਾ ਸਿਖਲਾਈ ਵਰਕਸ਼ਾਪ ਲਗਾ ਕੇ ਅਧਿਆਪਕਾਂ ਨੂੰ ਗੱਤਕਾ ਖੇਡ ਵਿੱਚ ਨਿਪੁੰਨ ਕੀਤਾ ਜਾਵੇ। ਇਸ ਮਕਸਦ ਲਈ ਗੱਤਕਾ ਫੈਡਰੇਸਨ ਆਫ ਇੰਡੀਆ (ਰਜਿ.) ਦੀ ਸਰਪ੍ਰਸਤੀ ਹੇਠ ਪੰਜਾਬ ਗੱਤਕਾ ਐਸੋਸੀਏਸਨ (ਰਜਿ.) ਦੇ ਸਹਿਯੋਗ ਨਾਲ 6 ਅਤੇ 7 ਜੁਲਾਈ, 2010 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ ਏ ਐਸ ਨਗਰ ਦੇ ਗੈਸਟ ਹਾਊਸ ਆਡੀਟੋਰੀਅਮ, ਜਿਸ ਦੀ ਐਂਟਰੀ ਗੇਟ ਨੰ-2 ਰਾਹੀਂ ਹੁੰਦੀ ਹੈ ਵਿਖੇ ਇਕ ਸਿਖਲਾਈ ਵਰਕਸ਼ਾਪ ਆਯੋਜਿਤ ਕੀਤੀ ਜਾ ਰਹੀ ਹੈ। ਇਸ ਮਕਸਦ ਲਈ ਆਪ ਆਪਣੇ ਜਿਲੇ ਦੇ ਗੱਤਕਾ ਖੇਡ ਨਾਲ ਜੁੜੇ/ਦਿਲਚਸਪੀ ਰੱਖਣ ਵਾਲੇ ਸਰੀਰਿਕ ਸਿੱਖਿਆ ਅਧਿਆਪਕਾਂ ਜਾਂ ਹੋਰ ਵਿਸ਼ੇ ਦੇ 2 ਅਧਿਆਪਕਾਂ ਦੇ ਨਾਂਵਾਂ ਦੀ ਸੂਚੀ ਡਾਇਰੈਕਟੋਰੇਟ ਨੂੰ ਉਨ੍ਹਾਂ ਦੇ ਸੰਪਰਕ ਨੰਬਰਾਂ ਸਮੇਤ ਨਿਜੀ ਵੇਰਵੇ ਸਹਿਤ ਇਸ ਦਫਤਰ ਨੂੰ 28 ਜੂਨ, 2010 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਓਗੇ । ਇਸ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ 6 ਜੁਲਾਈ, 2010 ਨੂੰ ਸਵੇਰੇ 10.00 ਵਜੇ ਉਕਤ ਮਿੱਥੇ ਸਥਾਨ ਤੇ ਰਜਿਸਟ੍ਰੇਸ਼ਨ ਲਈ ਰਿਪੋਰਟ ਕਰਨ ਲਈ ਹਦਾਇਤ ਕਰ ਦਿੱਤੀ ਜਾਵੇ। ਇਸ ਮੰਤਵ ਲਈ ਆਉਣ-ਜਾਣ ਦਾ ਕਿਰਾਇਆ, ਠਹਿਰਣ ਅਤੇ ਖਾਣ-ਪੀਣ ਦਾ ਬੰਦੋਬਸਤ ਪੰਜਾਬ ਸਕੂਲ ਫਿਜੀਕਲ ਐਜੂਕੇਸਨ ਡਿਵੈਲਪਮੈਂਟ ਫੰਡ ਵਿੱਚੋਂ ਕੀਤਾ ਜਾਵੇਗਾ।

ਸਟੇਟ ਆਰਗੇਨਾਈਜ਼ਰ (ਫਿਜੀ: ਐਜੂ:)

**ਪਿੱਠ ਅੰਕਣ ਨੰ: ਉਕਤ**
**ਮਿਤੀ, ਚੰਡੀਗੜ੍ਹ : 24-06-2010**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ :

1. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ ਏ ਐਸ ਨਗਰ ।
2. ਸ੍ਰੀ ਹਰਜੀਤ ਸਿੰਘ ਗਰੇਵਾਲ, ਸਕੱਤਰ ਜਨਰਲ, ਗੱਤਕਾ ਫੈਡਰੇਸ਼ਨ ਆਫ ਇੰਡੀਆ, 278, ਸੈਕਟਰ 22-ਏ, ਚੰਡੀਗੜ੍ਹ ।

ਸਟੇਟ ਆਰਗੇਨਾਈਜ਼ਰ (ਫਿਜੀ: ਐਜੂ:)